Daily Jagraon News

20h ·

18 ਕਿਲੋ ਭੁੱਕੀ ਅਤੇ ਅੱਧਾ ਕਿਲੋ ਅਫੀਮ ਸਮੇਤ ਇਕ ਗ੍ਰਿਫ਼ਤਾਰ

ਜਗਰਾਉਂ (ਹਰਵਿੰਦਰ ਸਿੰਘ ਸੱਗੂ) -ਰਾਜਬਚਨ ਸਿੰਘ ਸੰਧੂ SSP ਲੁਧਿਆਣਾ ਦਿਹਾਤੀ ਵੱਲੋਂ ਨਸ਼ਾ ਵੇਚਣ ਵਾਲੇ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਮੁਹਿੰਮ ਨੂੰ ਉਸ ਵਕਤ ਭਾਰੀ ਸਫਲਤਾ ਮਿਲੀ ਜਦੋਂ ਗੁਰਮੀਤ ਕੌਰ SP(O) ਵਾਧੂ ਚਾਰਜ SP (D) ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸ: ਪ੍ਰੇਮ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਲੁਧਿਆਣਾ ਦਿਹਾਤੀ ਦੀ ਪੁਲਿਸ ਪਾਰਟੀ ਏ.ਐਸ.ਆਈ ਰਣਧੀਰ ਸਿੰਘ ਸੀ.ਆਈ.ਏ ਸਟਾਫ ਜਗਰਾਉਂ, ਐਸ ਆਈ ਚਮਕੌਰ ਸਿੰਘ ਨੂੰ ਇਤਲਾਹ ਮਿਲੀ ਕਿ ਜਗਰੂਪ ਸਿੰਘ ਉਰਫ ਜੂਪਾ ਵਾਸੀ ਰਸੂਲਪੁਰ ਥਾਣਾ ਹਠੂਰ ਜਿਲਾ ਲੁਧਿਆਣਾ ਜੋ ਕਿ ਆਪਣੀ ਆਪਣੀ ਗੱਡੀ ਨੰਬਰ PB-10-E5-1091 (ਘੋੜਾ-4018 ਮਾਰਕਾ ਟਾਟਾ) ਪਰ ਸਵਾਰ ਹੋਕੇ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ ਅਤੇ ਅਫੀਮ ਲਿਆਕੇ ਵੇਚਣ ਲਈ ਕੇ ਨਾਨਕਸਰ ਤੋਂ ਆਪਣੇ ਪਿੰਡ ਰਸੂਲਪੁਰ ਸਾਇਡ ਨੂੰ ਆ ਰਿਹਾ ਹੈ। ਜੇਕਰ ਪੁਲ ਸੂਆ ਬਾ ਹੱਦ ਕਾਉਂਕੇ ਕਲਾਂ ਵਿਖੇ ਨਾਕਾਬੰਦੀ ਕੀਤੀ ਜਾਵੇ ਤਾਂ ਜਗਰੂਪ ਸਿੰਘ ਉਰਫ ਜੂਪਾ ਉਕਤ ਸਮੇਤ ਭਾਰੀ ਮਾਤਰਾ ਵਿੱਚ ਭੁੱਕੀ ਚੂਰਾ ਪੋਸਤ, ਅਫੀਮ ਅਤੇ ਗੱਡੀ ਨੰਬਰੀ ਉਕਤ ਆਪ ਜੀ ਦੇ ਕਾਬੂ ਆ ਸਕਦਾ ਹੈ। ਜੋ ਇਤਲਾਹ ਭਰੋਸੇਯੋਗ ਹੋਣ ਕਰਕੇ ਉਪਰੋਕਤ ਵਿਅਕਤੀ ਦੇ ਖਿਲਾਫ ਮੁਕੱਦਮਾ ਨੰਬਰ 179 ਮਿਤੀ 02.12.2021 ਅ/ਧ 15,18,25-617 85 ਐਨ ਡੀ ਪੀ ਐਸ ਐਕਟ ਥਾਣਾ ਸਦਰ ਜਗਰਾਉਂ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ ਦੌਰਾਨੇ ਤਫਤੀਸ਼ ਨਾਕਾਬੰਦੀ ਦੌਰਾਨ ਉਪਰੋਕਤ ਮੁਸੱਮੀ ਪਾਸੋਂ 18 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 500 ਗ੍ਰਾਮ ਅਫੀਮ ਸਮੇਤ ਗੱਡੀ ਨੰਬਰ PB-10-E5-1091 (ਘੋੜਾ-4018 ਮਾਰਕਾ ਟਾਟਾ) ਬ੍ਰਾਮਦ ਕੀਤੇ ਅਤੇ ਮੁਸੱਮੀ ਉਕਤ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ। ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਪਰੋਕਤ ਦੋਸ਼ੀ ਪਾਸੋਂ ਹੋਰ ਪੁੱਛਗਿੱਛ ਬਾਰੀਕੀ ਨਾਲ ਕੀਤੀ ਜਾ ਰਹੀ ਹੈ। ਦੌਰਾਨੇ ਪੁੱਛਗਿੱਛ ਜੇਕਰ ਕਿਸੇ ਹੋਰ ਵਿਅਕਤੀ ਦੀ ਸਮੂਲੀਅਤ ਸਾਹਮਣੇ ਆਉਂਦੀ ਹੈ ਤਾਂ ਉਸਦੇ ਖਿਲਾਫ ਵੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

